25

ਪੰਜਾਬ ਸਰਕਾਰ
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।
(ਜਨਰਲ ਸ਼ਾਖਾ)

ਵਿਖੇ

ਰਾਜ ਦੇ ਸਮੂਹ:
1) ਡਿਪਟੀ ਕਮਿਸ਼ਨਰਜ਼;
2) ਵਧੀਕ ਡਿਪਟੀ ਕਮਿਸ਼ਨਰਜ਼ (ਵਿਕਾਸ);
3) ਡਵੀਜ਼ਨਲ ਡਿਪਟੀ ਡਾਇਰੈਕਟਰ ਪੰਚਾਇਤ;
4) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰਜ਼;
5) ਉਪ ਮੁੱਖ ਕਾਰਜ਼ਕਾਰੀ ਅਫਸਰ ਜ਼ਿਲਾ ਪ੍ਰੀਸ਼ਦਜ਼;
6) ਬਲਾਕ ਵਿਕਾਸ ਤੇ ਪੰਚਾਇਤ ਅਫਸਰਜ਼।

ਯਾਦ ਪੱਤਰ ਨੰ:6/20/94/ਜੀ-1/2003/ 31012-31223
ਚੰਡੀਗੜ੍ਹ, ਮਿਤੀ :- 12.11.03

ਵਿਸ਼ਾ:- ਪੰਜਾਬ ਰਾਜ ਵਿੱਚ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜਬੂਤ ਕਰਨ ਲਈ ਪੰਚਾਇਤਾਂ ਨੂੰ ਵਿੱਤੀ ਤਾਕਤਾਂ ਦੇਣ ਸਬੰਧੀ।

***

ਉਪਰੋਕਤ ਵਿਸ਼ੇ ਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਮਜਬੂਤ ਕਰਨ ਲਈ, ਪੰਚਾਇਤਾਂ ਦੀਆਂ ਵਿੱਤੀ ਤਾਕਤਾਂ ਸਬੰਧੀ, ਸਰਕਾਰ ਵੱਲੋਂ ਮੰਤਰੀ ਪ੍ਰੀਸ਼ਦ ਦੀ ਪ੍ਰਵਾਨਗੀ ਨਾਲ ਮਿਤੀ 17-10-03 ਨੂੰ ਹੋਈ ਮੀਟਿੰਗ ਵਿੱਚ ਵਿਚਾਰ ਵਿਟਾਂਦਰੇ ਉਪਰੰਤ ਦਰਜ ਤਜਵੀਜ਼ਾਂ ਦੀ ਪ੍ਰਵਾਨਗੀ ਪੰਚਾਇਤਾਂ ਦੀਆਂ ਤਾਕਤਾਂ ਸਬੰਧੀ ਨਿਮਨ ਲਿਖਤ ਸੇਧਾਂ ਬਾਰੇ ਦੇ ਦਿੱਤੀ ਹੈ :-

ੳ) ਗਰਾਮ ਪੰਚਾਇਤਾਂ ਦੇ ਸਰਪੰਚ ਅਤੇ ਪੰਚ ਪੰਚਾਇਤ ਫੰਡ ਵਿੱਚੋਂ 5000/-ਰੁਪਏ ਤੱਕ ਕੱਢਵਾ ਸਕਣਗੇ।
ਅ) ਸਰਪੰਚ ਅਤੇ ਪੰਚਾਇਤ ਸੈਕਟਰੀ ਪੰਚਾਇਤ ਫੰਡ ਵਿੱਚੋਂ ਸਾਂਝੇ ਤੌਰ ਤੇ jointly 10,000/-ਰੁਪਏ ਤੱਕ ਕੱਢਵਾ ਸਕਣਗੇ।
ੲ) ਸਰਪੰਚ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਪੰਚਾਇਤ ਫੰਡ ਵਿੱਚੋਂ ਸਾਂਝੇ ਤੌਰ ਤੇ jointly 10,000/-ਰੁਪਏ ਤੋਂ ਵੱਧ ਕੱਢਵਾ ਸਕਣਗੇ।

ਮੰਤਰੀ ਪ੍ਰੀਸ਼ਦ ਵੱਲੋਂ ਕੀਤੇ ਗਏ ਫੈਸਲੇ ਦੀ ਕਾਪੀ ਨਾਲ ਨੱਥੀ ਕਰਕੇ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਮੰਤਰੀ ਪ੍ਰੀਸ਼ਦ ਵੱਲੋਂ ਕੀਤੇ ਗਏ ਫੈਸਲੇ ਨੂੰ ਤੁਰੰਤ ਲਾਗੂ ਕੀਤਾ ਜਾਵੇ ਅਤੇ ਪਾਲਣਾ ਕੀਤੀ ਜਾਵੇ ਅਤੇ ਇਸ ਫੈਸਲੇ ਦੀ ਪਾਲਣਾ ਕਰਾਉਣ ਉਪਰੰਤ ਪਹੁੰਚ ਰਸੀਦ ਵਿਭਾਗ ਨੂੰ ਭੇਜੀ ਜਾਵੇ।

ਹ. ਸਿੰ. ਗਿੱਲ 12/11
(ਹਰਬੰਸ ਸਿੰਘ ਗਿੱਲ)
ਵਧੀਕ ਡਾਇਰੈਕਟਰ ਪੰਚਾਇਤ,
ਵਾਸਤੇ ਸਕੱਤਰ ਪੰਜਾਬ ਸਰਕਾਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਨੱਥੀ:।